# ਵੀਰ ਬਾਲ ਦਿਵਸ



# ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥

## ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਬੇਮਿਸਾਲ ਸ਼ਹਾਦਤ ਦੀ ਗਾਥਾ

ਭਾਰਤ ਦੇ ਮਾਣਯੋਗ ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਵਾਲੇ ਦਿਨ, 9 ਜਨਵਰੀ 2022 ਨੂੰ ਐਲਾਨ ਕੀਤਾ ਸੀ ਕਿ ਹਰ ਸਾਲ 26 ਦਸੰਬਰ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ ਦੀ ਲਾਸਾਨੀ ਸ਼ਹਾਦਤ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ 'ਵੀਰ ਬਾਲ ਦਿਵਸ' ਵਜੋਂ ਮਨਾਇਆ ਜਾਵੇਗਾ।

ਇਸ ਅਨੁਸਾਰ, ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ ਛੋਟੇ ਸਾਹਿਬਜ਼ਾਦਿਆਂ ਦੀਆਂ ਬੇਮਿਸਾਲ ਕੁਰਬਾਨੀਆਂ ਨੂੰ ਸ਼ਰਧਾਂਜਲੀ ਭੇਂਟ ਕਰਨ ਲਈ 26 ਦਸੰਬਰ 2022 ਨੂੰ 'ਵੀਰ ਬਾਲ ਦਿਵਸ' ਵਜੋਂ ਐਲਾਨ ਕਰਦੇ ਹੋਏ ਗਜ਼ਟ ਨੋਟੀਫਿਕੇਸ਼ਨ ਜਾਰੀ ਕੀਤਾ ਹੈ। ਉਸ ਅਨੁਸਾਰ ਹਰ ਸਾਲ ਵੀਰ ਬਾਲ ਦਿਵਸ ਮਨਾਇਆ ਜਾਵੇਗਾ।



ਬਾਬਾ ਜ਼ੋਰਾਵਰ ਸਿੰਘ ਜੀ
ਬਾਬਾ ਫਤਿਹ ਸਿੰਘ ਜੀ



ਸਾਹਿਬਜ਼ਾਦਿਆਂ ਦਾ ਜਨਮ ਅਸਥਾਨ
ਗੁਰਦੁਆਰਾ ਗੁਰੂ ਕੇ ਮਹਿਲ
ਅਨੰਦਪੁਰ ਸਾਹਿਬ



# ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਅਤੇ ਮਾਤਾ ਜੀ



ਸਾਹਿਬਜ਼ਾਦੇ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਉੱਤੇ ਗੁਰਬਾਣੀ ਕੀਰਤਨ, ਸੰਥਿਆ ਅਤੇ ਸ਼ਸਤਰ ਵਿਦਿਆ ਲੈਂਦੇ ਹੋਏ



ਜ਼ਾਲਮ ਮੁਗਲਾਂ ਵੱਲੋਂ
ਸ੍ਰੀ ਅਨੰਦਪੁਰ ਸਾਹਿਬ ਉੱਤੇ ਹਮਲਾ



ਅਨੰਦਗੜ੍ਹ ਸਾਹਿਬ ਦੇ ਕਿਲ੍ਹੇ
ਨੂੰ ਛੱਡਣ ਦਾ ਦ੍ਰਿਸ਼



ਸਰਸਾ ਨਦੀ ਦੇ ਕੰਢੇ ਹੋਈ ਜੰਗ ਅਤੇ
ਚੜ੍ਹੀ ਹੋਈ ਸਰਸਾ ਨਦੀ ਦਾ ਦ੍ਰਿਸ਼



ਸਰਸਾ ਨਦੀ ਉੱਤੇ ਗੁਰੂ ਪਿਤਾ ਅਤੇ
ਖਾਲਸਾ ਵਹੀਰ ਨਾਲੋਂ ਵਿਛੜਣ ਤੋਂ
ਬਾਅਦ ਮਾਤਾ ਗੁਜਰੀ ਜੀ ਤੇ ਛੋਟੇ ਸਾਹਿਬਜ਼ਾਦੇ



## ਮਾਤਾ ਜੀ ਅਤੇ ਸਾਹਿਬਜ਼ਾਦਿਆਂ ਦੀ
## ਪਹਿਲੀ ਰਾਤ ਕੁੰਮਾ ਮਾਸ਼ਕੀ ਜੀ
## ਦੀ ਝੌਂਪੜੀ ਵਿੱਚ ਬੀਤੀ



ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ
ਮੋਰਿੰਡਾ ਦੀ ਜੇਲ੍ਹ ਵਿੱਚ



ਕੋਤਵਾਲ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ
ਬੈਲਗੱਡੀ ਉੱਤੇ ਬਿਠਾ ਕੇ ਸਰਹਿੰਦ
ਲੈ ਕੇ ਜਾਂਦਾ ਹੋਇਆ




ਸੂਬਾ-ਏ-ਸਰਹਿੰਦ ਨਵਾਬ ਵਜ਼ੀਰ ਖ਼ਾਨ ਨੇ
ਮਾਤਾ ਗੁਜਰੀ ਜੀ ਅਤੇ ਛੋਟੇ ਸਾਹਿਬਜ਼ਾਦਿਆਂ
ਨੂੰ ਠੰਡੇ ਬੁਰਜ ਵਿੱਚ ਕੈਦ ਕੀਤਾ



ਸਾਹਿਬਜ਼ਾਦੇ ਸੂਬੇ ਵੱਲ ਪੈਰ ਅੱਗੇ ਕਰਕੇ
ਕਚਹਿਰੀ ਵਿੱਚ ਪੂਰੇ ਰੋਹਬ ਨਾਲ
ਦਾਖਿਲ ਹੁੰਦੇ ਹੋਏ



ਸੂਬੇ ਦੀ ਕਚਹਿਰੀ ਵਿੱਚ
ਸਾਹਿਬਜ਼ਾਦੇ ਫਤਿਹ ਗਜਾਉਂਦੇ ਹੋਏ



ਸੂਬੇ ਦੀ ਬੇਦਰਦ ਕਚਹਿਰੀ
ਵਿੱਚ ਬੇਖੌਫ ਖੜ੍ਹੇ ਸਾਹਿਬਜ਼ਾਦੇ



ਸਾਹਿਬਜ਼ਾਦਿਆਂ ਨੂੰ ਠੰਡੇ ਬੁਰਜ ਵਿੱਚ
ਦੁੱਧ ਪਿਲਾਉਣ ਦੀ ਸੇਵਾ ਕਰਦੇ ਹੋਏ
ਭਾਈ ਮੋਤੀ ਰਾਮ ਮਹਿਰਾ ਜੀ



ਛੋਟੇ ਸਾਹਿਬਜ਼ਾਦਿਆਂ ਨੂੰ ਜ਼ਿੰਦਾ ਨੀਹਾਂ ਵਿਚ
ਚਿਣ ਦੇਣ ਦਾ ਫ਼ਤਵਾ ਸੁਣਾਉਂਦਾ
ਹੋਇਆ ਕਾਜ਼ੀ



ਫ਼ਤਵਾ ਸੁਣ ਕੇ ਇਕ ਦੂਜੇ ਨੂੰ ਵੇਖ
ਕੇ ਮੁਸਕਰਾਉਂਦੇ ਹੋਏ ਸਾਹਿਬਜ਼ਾਦੇ



ਮਾਤਾ ਗੁਜਰੀ ਜੀ ਸਾਹਿਬਜ਼ਾਦਿਆਂ
ਨੂੰ ਆਪਣੇ ਹੱਥੀਂ ਤਿਆਰ ਕਰਕੇ
ਸ਼ਹੀਦ ਹੋਣ ਲਈ ਤੋਰਦੇ ਹੋਏ



ਉਸਰ ਰਹੀ ਖ਼ੂਨੀ ਦੀਵਾਰ ਵਿਚ
ਸਾਹਿਬਜ਼ਾਦੇ ਬੇਖੌਫ਼ ਖੜ੍ਹੇ
ਜਪੁਜੀ ਸਾਹਿਬ ਦਾ ਪਾਠ ਕਰਦੇ ਹੋਏ




ਦੀਵਾਰ ਦੇ ਅੰਦਰੋਂ ਸਾਹਿਬਜ਼ਾਦਿਆਂ ਦੇ
ਆਖ਼ਰੀ ਜੈਕਾਰੇ ਦੀ ਗੂੰਜ



ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਦ੍ਰਿਸ਼
ਡਿੱਗੀ ਹੋਈ ਦੀਵਾਰ ਅਤੇ ਸਾਹਿਬਜ਼ਾਦਿਆਂ ਦੇ ਪਾਵਨ ਸ਼ਰੀਰ



ਠੰਡੇ ਬੁਰਜ ਵਿੱਚ
ਮਾਤਾ ਗੁਜਰੀ ਜੀ ਦੀ ਸ਼ਹੀਦੀ



ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੇ ਪਾਵਨ ਸਰੀਰਾਂ ਦਾ
ਅੰਤਿਮ ਸੰਸਕਾਰ ਕਰਨ ਲਈ ਸੋਨੇ ਦੀਆਂ ਮੋਹਰਾਂ
ਖੜ੍ਹੀਆਂ ਕਰਕੇ ਸਭ ਤੋਂ ਮਹਿੰਗੀ ਜ਼ਮੀਨ
ਖਰੀਦਣ ਵਾਲੇ ਦੀਵਾਨ ਟੋਡਰ ਮਲ ਜੀ



ਦੁੱਧ ਪਿਲਾਉਣ ਦੀ ਸੇਵਾ ਕਰਨ ਵਾਲੇ
ਭਾਈ ਮੋਤੀ ਰਾਮ ਮਹਿਰਾ ਜੀ ਦੇ ਪਰਿਵਾਰ
ਨੂੰ ਕੋਹਲੂ ਵਿਚ ਪੀੜ ਦਿੱਤਾ ਗਿਆ ਸੀ



ਜ਼ਾਲਿਮ ਮੁਗਲ ਨਵਾਬ ਸੂਬਾ–ਏ–ਸਰਹਿੰਦ
ਅਤੇ ਉਸਦੇ ਜ਼ੁਲਮੀ ਰਾਜ ਨੂੰ ਖਤਮ ਕਰਦੇ ਹੋਏ
ਮਹਾਨ ਸਿੱਖ ਜਰਨੈਲ ਬਾਬਾ ਬੰਦਾ ਸਿੰਘ ਜੀ ਬਹਾਦਰ



ਗੁਰਦੁਆਰਾ ਕਿਲ੍ਹਾ ਅਨੰਦਗੜ੍ਹ ਸਾਹਿਬ
ਦਸੰਬਰ 1704 ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ
ਨੇ ਆਪਣੇ ਪਰਿਵਾਰ ਸਹਿਤ ਇਹ ਕਿਲ੍ਹਾ ਛੱਡਿਆ ਸੀ



ਗੁਰਦੁਆਰਾ ਪਰਿਵਾਰ ਵਿਛੋੜਾ ਸਾਹਿਬ
ਦਸੰਬਰ 1704 ਇਸ ਪਾਵਨ ਅਸਥਾਨ ਤੇ
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਰਿਵਾਰ ਵਿਛੜਿਆ ਸੀ



ਗੁਰਦੁਆਰਾ ਠੰਡਾ ਬੁਰਜ ਸਾਹਿਬ
ਇਸ ਪਾਵਨ ਅਸਥਾਨ ਤੇ ਮਾਤਾ ਗੁਜਰ ਕੌਰ ਜੀ ਅਤੇ
ਸਾਹਿਬਜ਼ਾਦਿਆਂ ਨੂੰ ਪੋਹ ਦੇ ਮਹੀਨੇ ਤਿੰਨ ਰਾਤਾਂ ਵਜ਼ੀਰ ਖਾਂ
ਵਲੋਂ ਕੈਦ ਵਿਚ ਰੱਖਿਆ ਗਿਆ ਸੀ



ਗੁਰਦੁਆਰਾ ਫਤਿਹਗੜ੍ਹ ਸਾਹਿਬ
ਇਹ ਪਾਵਨ ਅਸਥਾਨ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਅਸਥਾਨ ਹੈ



ਗੁਰਦੁਆਰਾ ਜੋਤੀ ਸਰੂਪ ਸਾਹਿਬ
ਸਸਕਾਰ ਸਥਾਨ ਮਾਤਾ ਗੁਜਰ ਕੌਰ ਜੀ
ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫਤਿਹ ਸਿੰਘ ਜੀ